**ਜਾ ਕਉ ਮੁਨਿ ਧਯਾਨੁ ਧਰੈ ਫਿਰਤ ਸਗਲ ਜੁਗ ਕਬਹੁ ਕ ਕੋਊ ਪਾਵੈ ਆਤਮ ਪ੍ਰਗਾਸ ਕਉ ॥ ਬੇਦ ਬਾਣੀ ਸਹਿਤ ਬਿਰੰਚਿ ਜਸੁ ਗਾਵੈ ਜਾ ਕੋ ਸਿਵ ਮੁਨਿ ਗਹਿ ਨ ਤਜਾਤ ਕਬਿਲਾਸ ਕੰਉ ॥** {ਪੰਨਾ 1404}

ਪਦ ਅਰਥ:- ਜਾ ਕਉ—ਜਿਸ (ਦੇ ਦਰਸਨ) ਦੀ ਖ਼ਾਤਰ। ਧਰੈ—ਧਰਦਾ ਹੈ। ਫਿਰਤ ਸਗਲ ਜੁਗ—ਸਾਰੇ ਜੁਗਾਂ ਵਿਚ ਭੌਂਦਾ। ਕਬਹੁ ਕ—ਕਦੇ, ਕਿਸੇ ਵਿਰਲੇ ਸਮੇਂ। ਆਤਮ ਪ੍ਰਗਾਸ—ਅੰਦਰ ਦਾ ਚਾਨਣਾ। ਬਿਰੰਚਿ—(ivrzic) ਬ੍ਰਹਮਾ। ਗਹਿ—ਫੜ ਕੇ। ਨ ਤਜਾਤ—ਨਹੀਂ ਛੱਡਦਾ। ਕਬਿਲਾਸ—ਕੈਲਾਸ਼ ਪਰਬਤ।

ਅਰਥ:- ਸਾਰੇ ਜੁਗਾਂ ਵਿਚ ਭੌਂਦਾ ਹੋਇਆ ਕੋਈ ਮੁਨੀ ਜਿਸ (ਹਰੀ) ਦੀ ਖ਼ਾਤਰ ਧਿਆਨ ਧਰਦਾ ਹੈ, ਅਤੇ ਕਦੇ ਹੀ ਉਸ ਨੂੰ ਅੰਦਰ ਦਾ ਚਾਨਣਾ ਲੱਭਦਾ ਹੈ, ਜਿਸ ਹਰੀ ਦਾ ਜਸ ਬ੍ਰਹਮਾ ਵੇਦਾਂ ਦੀ ਬਾਣੀ ਸਮੇਤ ਗਾਉਂਦਾ ਹੈ, ਅਤੇ ਜਿਸ ਵਿਚ ਸਮਾਧੀ ਲਾ ਕੇ ਸ਼ਿਵ ਕੈਲਾਸ਼ ਪਰਬਤ ਨਹੀਂ ਛੱਡਦਾ;

**ਜਾ ਕੌ ਜੋਗੀ ਜਤੀ ਸਿਧ ਸਾਧਿਕ ਅਨੇਕ ਤਪ ਜਟਾ ਜੂਟ ਭੇਖ ਕੀਏ ਫਿਰਤ ਉਦਾਸ ਕਉ ॥ ਸੁ ਤਿਨਿ ਸਤਿਗੁਰਿ ਸੁਖ ਭਾਇ ਕ੍ਰਿਪਾ ਧਾਰੀ ਜੀਅ ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ ॥੫॥** {ਪੰਨਾ 1404}

ਪਦ ਅਰਥ:- ਜਾ ਕਉ—ਜਿਸ ਦੀ ਖ਼ਾਤਰ। ਉਦਾਸ ਕਉ—ਉਦਾਸ ਨੂੰ (ਧਾਰ ਕੇ)। ਸੁ ਤਿਨਿ ਸਤਿਗੁਰਿ—ਉਸ ਹਰੀ-ਰੂਪ ਗੁਰੂ (ਅਮਰਦਾਸ ਜੀ) ਨੇ। ਸੁਖ ਭਾਇ—ਸਹਜ ਸੁਭਾਇ। ਜੀਅ—ਜੀਵਾਂ ਉੱਤੇ। ਤਿਨਿ—ਉਸ ਨੇ। ਸਤਿਗੁਰਿ—ਸਤਿਗੁਰ ਨੇ।

ਅਰਥ:- ਜਿਸ (ਦਾ ਦਰਸਨ ਕਰਨ) ਦੀ ਖ਼ਾਤਰ ਅਨੇਕਾਂ ਜੋਗੀ, ਜਤੀ, ਸਿੱਧ ਤੇ ਸਾਧਿਕ ਤਪ ਕਰਦੇ ਹਨ ਅਤੇ ਜਟਾ-ਜੂਟ ਰਹਿ ਕੇ ਉਦਾਸ-ਭੇਖ ਧਾਰ ਕੇ ਫਿਰਦੇ ਹਨ, ਉਸ (ਹਰੀ-ਰੂਪ) ਗੁਰੂ (ਅਮਰਦਾਸ ਜੀ) ਨੇ ਸਹਜ ਸੁਭਾਇ ਜੀਆਂ ਉਤੇ ਕਿਰਪਾ ਕੀਤੀ ਤੇ ਗੁਰ ਰਾਮਦਾਸ ਜੀ ਨੂੰ ਹਰੀ-ਨਾਮ ਦੀ ਵਡਿਆਈ ਬਖ਼ਸ਼ੀ।5।